# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times — 11 ਦਸੰਬਰ 2025 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਯੂਨਾਈਟਿਡ ਪੰਜਾਬੀ ਆਰਗੇਨਾਈਜ਼ੇਸ਼ਨ ਚੰਡੀਗੜ੍ਹ ਵੱਲੋਂ ਮੰਗ

### ਸੰਯੁਕਤ ਰਾਸ਼ਟਰ ਵੱਲੋਂ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ "ਮਨੁੱਖੀ ਅਧਿਕਾਰ ਦਿਵਸ" ਨੂੰ ਕੀਤਾ ਜਾਵੇ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ: 11 ਦਸੰਬਰ : ਯੂਨਾਈਟਿਡ ਪੰਜਾਬੀ ਆਰਗੇਨਾਈਜ਼ੇਸ਼ਨ (ਯੂ.ਪੀ.ਓ.) ਚੰਡੀਗੜ੍ਹ ਵੱਲੋਂ 10 ਦਸੰਬਰ, ਵਿਸ਼ਵ ਮਨੁੱਖੀ ਦਿਵਸ ਮੌਕੇ ਇੱਕ ਵਿਸ਼ੇਸ਼ ਆਨਲਾਈਨ ਪ੍ਰੋਗਰਾਮ ਕੀਤਾ ਗਿਆ ਜਿਸ ਵਿੱਚ ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਪੰਜਾਬੀਅਤ ਦੇ ਝੰਡਾਬਰਦਾਰ ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬ ਫਾਰਮਰਸ ਕਮਿਸ਼ਨ ਦੇ ਚੇਅਰਮੈਨ ਡਾ.ਸੁਖਪਾਲ ਸਿੰਘ ਅਤੇ ਮਨੁੱਖੀ ਅਧਿਕਾਰਾਂ ਦੇ ਸਰਗਰਮ ਕਾਰਕੁਨ ਸ. ਖੁਸ਼ਹਾਲ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋਗਰਾਮ ਦੇ ਮੰਤਵ ਅਤੇ ਵਿਸ਼ੇ ਬਾਰੇ ਜਾਣਕਾਰੀ ਦਿੰਦੇ ਹੋਏ ਯੂ.ਪੀ.ਓ. ਦੇ ਬਾਨੀ ਸ.ਹਰਵਿੰਦਰ ਸਿੰਘ (ਚੰਡੀਗੜ੍ਹ) ਨੇ ਕਿਹਾ ਕਿ ਪੰਜਾਬੀਆਂ ਦਾ ਇਨਸਾਨੀ ਕਦਰਾਂ ਕੀਮਤਾਂ ਦੀ ਰਾਖੀ ਕਰਨ ਵਾਲਾ ਇਤਿਹਾਸ ਬਹੁਤ ਗੌਰਵਮਈ ਹੈ ਅਤੇ ਇਸਨੂੰ ਮਹਿਜ਼ ਧਰਮ ਤੱਕ ਸੀਮਤ ਕਰਕੇ ਵਾਚਣ ਵਾਲੀ ਦ੍ਰਿਸ਼ਟੀ ਦੀ ਬਜਾਏ ਵਿਸ਼ਵ ਦੀ ਮਾਨਵਵਾਦੀ ਤਹਿਰੀਕ ਦੀ ਮਾਣਮੱਤੀ ਤਵਾਰੀਖ਼ ਦੇ ਹਿੱਸੇ ਵਜੋਂ ਵਡੇਰੇ ਸੰਦਰਭ ਵਿੱਚ ਸਮਝਣ ਦੀ ਲੋੜ ਹੈ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਆਲਮੀ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਲਹਿਰ ਦਾ ਮੀਲ ਪੱਥਰ ਕਿਹਾ ਜਾ ਸਕਦਾ ਹੈ।

ਡਾ. ਸੁਖਪਾਲ ਸਿੰਘ ਨੇ ਇਹਨਾਂ ਵਿਚਾਰਾਂ ਨਾਲ ਆਪਣੀ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਮਾਨਵੀ ਕਦਰਾਂ ਕੀਮਤਾਂ ਵਾਲੀ ਸਾਂਝੀ ਅਤੇ ਗੌਰਵਮਈ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਦਰਪੇਸ਼ ਅਜੋਕੇ ਮਸਲਿਆਂ ਨੂੰ ਮੁਖਾਤਬ ਹੋਣ ਲਈ ਕੀ ਅਤੇ ਕਿੰਝ ਅਮਲ ਕੀਤਾ ਜਾਵੇ ,ਬਾਰੇ ਸੋਚਣ ਵਿਚਾਰਨ ਦੀ ਲੋੜ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਨਾਲ ਹੀ ਉਸੇ ਥਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਕੁਰਬਾਨੀ ਉਸ ਮੌਕੇ ਦੀ ਹਕੂਮਤ ਦੇ ਜ਼ਬਰ ਅਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਦੇ ਖ਼ਿਲਾਫ਼ ਸੀ। ਉਨ੍ਹਾਂ ਕਿਹਾ ਕਿਜੇ ਇਸ ਉਲੰਘਣਾ ਦਾ ਸ਼ਿਕਾਰ ਕਸ਼ਮੀਰੀ ਪੰਡਿਤਾਂ ਦੀ ਬਜਾਏ ਕੋਈ ਹੋਰ ਵਰਗ ਵੀ ਹੁੰਦਾ ਤਾਂ ਗੁਰੂ ਸਾਹਿਬ ਉਹਨਾਂ ਲਈ ਵੀ ਸ਼ਹਾਦਤ ਦੇ ਕੇ ਇੰਜ ਹੀ ਲੋਕ ਹੱਕਾਂ ਦੀ ਰਖਵਾਲੀ ਕਰਨੀ ਸੀ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਮਕਸਦ ਇਨਸਾਨੀ ਗੌਰਵ ਅਤੇ ਮਾਨਵੀ ਹੱਕਾਂ ਦੀ ਰਾਖੀ ਕਰਨਾ ਸੀ। ਸ.ਖੁਸ਼ਹਾਲ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੇ ਮਨਾਏ ਜਾ ਰਹੇ 350 ਸਾਲਾ ਸ਼ਹਾਦਤ ਵਰ੍ਹੇ ਦੇ ਦੇਸ ਵਿਦੇਸ਼ ਵਿੱਚ ਕੀਤੇ ਜਾ ਰਹੇ ਪ੍ਰੋਗਰਾਮ ਦੀ ਲੜੀ ਵਿੱਚ ਆਪਣੀ ਸ਼ਮੂਲੀਅਤ ਦੇ ਹਵਾਲੇ ਨਾਲ ਕਈ ਨੁਕਤੇ ਸਾਂਝੇ ਕੀਤੇ ਅਤੇ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਦੇ ਯੋਗਦਾਨ ਨੂੰ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਪੈਗੰਬਰ ਵਜੋਂ ਸਮਝਣ ਦੀ ਚੇਤਨਾ ਵੱਧ ਰਹੀ ਹੈ। ਸਾਰੇ ਬੁਲਾਰਿਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟ ਕਰਦੇ ਹੋਏ ਜ਼ੋਰ ਦਿੱਤਾ ਕਿ ਸੰਯੁਕਤ ਰਾਸ਼ਟਰ ਵੱਲੋਂ ਹਰ ਸਾਲ 10 ਦਸੰਬਰ ਨੂੰ ਮਨਾਏ ਜਾਂਦੇ ਮਨੁੱਖੀ ਅਧਿਕਾਰ ਦਿਵਸ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਨਾਮ ਸਮਰਪਿਤ ਕੀਤਾ ਜਾਵੇ।

ਇਸ ਪ੍ਰੋਗਰਾਮ ਵਿੱਚ ਪੰਜਾਬੀ ਸ਼ਾਇਰ ਜਗਦੀਪ ਸਿੱਧੂ , ਪੰਜਾਬੀ ਲੇਖਕ ਪਰਮਿੰਦਰ ਸਿੰਘ ਗਿੱਲ ਐਡਵੋਕੇਟ, ਅਰਜੁਨ ਵਰਮਾ, ਨੇਹਾ ਵਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਨਿਰੰਤਰ ਪੰਜਾਬੀ ਸ਼ਾਇਰਾਂ ਅਤੇ ਕਵੀਆਂ ਨੂੰ ਸਰੋਤਿਆਂ ਨਾਲ ਰੂ ਬ ਰੂ ਕਰਵਾਉਂਦੀ ਆ ਰਹੀ ਹੈ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ




ਰਾਜਸਥਾਨ/ਹਨੂੰਮਾਨਗੜ੍ਹ 11 ਦਸੰਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 7 ਦਸੰਬਰ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਕੁਲਵਿੰਦਰ ਕੌਰ, ਦਰਸ਼ਨ ਸਿੰਘ ਭਾਗਪੁਰੀ, ਜੈਲੀ ਗੇਰਾ, ਮਨਜੀਤ ਸਿੰਘ ਵਲਜੌਤ, ਸੁਮਨਦੀਪ ਸਿੰਘ ਅਤੇ ਹਰਜਿੰਦਰ ਕੌਰ ਨੇ ਸਮੂਲੀਅਤ ਕੀਤੀ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਜੈਲੀ ਗੇਰਾ ਅਤੇ ਸੁਮਨਦੀਪ ਸਿੰਘ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਕੁਲਵਿੰਦਰ ਕੌਰ ਅਤੇ ਦਰਸ਼ਨ ਸਿੰਘ ਭਾਗਪੁਰੀ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਮਨਜੀਤ ਸਿੰਘ ਵਲਜੌਤ ਅਤੇ ਨੇ ਹਰਜਿੰਦਰ ਕੌਰ ਵੀ ਨਜ਼ਮਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਸੱਚੇ ਸੁਚੇ ਹਰਫ਼ " ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

## ਉਹ ਨਹੀਂ ਆਉਂਦੀ ਤਾਂ ਨਾਂ ਆਵੇ (ਗੀਤ)

ਉਹਨੇਂ ਮੁੜ ਕੇ ਆਉਣਾਂ ਕਾਹਦਾ ਏ,
ਉਹਦਾ ਝੂਠਾ ਲੱਗਦਾ ਵਾਅਦਾ ਏ,

ਸਾਡੀ ਕੀਤੀ ਸੱਚੀ ਮੁਹੱਬਤ ਦਾ,
ਮੁੱਲ ਨਹੀਂ ਪਾਉਂਦੀ ਤਾਂ ਨਾਂ ਪਾਵੇ,

ਛੱਡ ਦਿਲਾ ਉਹਦੀ ਉਡੀਕ ਕਰਨਾਂ,
ਉਹ ਨਹੀਂ ਆਉਂਦੀ ਤਾਂ ਨਾਂ ਆਵੇ,

ਉਹ ਜਿਵੇਂ ਕਹਿੰਦੀ ਰਹੀ ਅਸੀਂ ਮੰਨਦੇ ਰਹੇ,
ਵਿਸ਼ਵਾਸ ਉਹਦੇ 'ਤੇ ਕਰ-ਕਰ ਕੇ,

ਅਸੀਂ ਵਫਾਦਾਰ ਬਣ ਵਫਾ ਕੀਤੀ,
ਹੱਥਾਂ ਵਿੱਚ ਹੱਥ ਉਹਦਾ ਫੜ-ਫੜ ਕੇ,

ਉਹ ਨਾਮ ਸਾਡੇ ਦੀ ਮਹਿੰਦੀ ਨੂੰ,
ਹੱਥੀਂ ਨਹੀਂ ਲਾਉਂਦੀ ਤਾਂ ਨਾ ਲਾਵੇ,

ਛੱਡ ਦਿਲਾ ਉਹਦੀ ਉਡੀਕ ਕਰਨਾਂ,
ਉਹ ਨਹੀਂ ਆਉਂਦੀ ਤਾਂ ਨਾਂ ਆਵੇ,

ਛੱਡ ਖਹਿੜਾ ਉਹਦੀਆਂ ਚਿੱਠੀਆਂ ਦਾ,
ਹੁਣ ਵਾਰ-ਵਾਰ ਆਪਾਂ ਪੜ੍ਹਨੀਆਂ ਨਹੀਂ,

ਤਸਵੀਰਾਂ ਉਹਦੀਆਂ ਪਾੜ ਸੁੱਟਣੀਆਂ,
ਸ਼ੀਸ਼ੇ ਦੇ ਵਿੱਚ ਜੜਨੀਆਂ ਨਹੀਂ,

ਉਹ ਸਾਡੀ ਹੋ ਕੇ ਸਦਾ ਲਈ,
ਸਾਡੀ ਨਹੀਂ ਕਹਾਉਂਦੀ ਤਾਂ ਨਾਂ ਕਹਾਵੇ,

ਛੱਡ ਦਿਲਾ ਉਹਦੀ ਉਡੀਕ ਕਰਨਾਂ,
ਉਹ ਨਹੀਂ ਆਉਂਦੀ ਤਾਂ ਨਾਂ ਆਵੇ,

ਆਪਾਂ ਸਮਝਦਾਰੀ ਤੋਂ ਕੰਮ ਲੈ ਕੇ,
ਮੰਨ ਲਈਏ ਰੱਬ ਦੇ ਭਾਣੇ ਨੂੰ,

ਖ਼ਬਰ ਨਹੀਂ ਸੀ ਉਹ ਇੰਜ ਛੱਡ ਜਾਊ,
'ਦਿਲਸ਼ਾਨ' ਭੋਲ਼ੇ,ਅਣਜਾਣੇਂ ਨੂੰ,

ਨਾਂ ਲੈ ਕੇ ਮੇਰਾ ਪਿਆਰ ਨਾਲ਼,
ਉਹ ਨਹੀਂ ਬੁਲਾਉਂਦੀ ਤਾਂ ਨਾਂ ਬੁਲਾਵੇ,

ਛੱਡ ਦਿਲਾ ਉਹਦੀ ਉਡੀਕ ਕਰਨਾਂ,
ਉਹ ਨਹੀਂ ਆਉਂਦੀ ਤਾਂ ਨਾਂ ਆਵੇ।

ਵਰਲਡ ਪੰਜਾਬੀ ਟਾਈਮਜ਼ ਦਿਲਸ਼ਾਨ

## ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਵਿਸ਼ਵ ਪੰਜਾਬੀ ਸਭਾ ਵੱਲੋਂ ਕਰਵਾਇਆ ਗਿਆ ਸੁਰਿੰਦਰ ਨੀਰ ਜੀ ਦਾ ਰੂਬਰੂ , ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ 11 ਦਸੰਬਰ : ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ .ਦਲਬੀਰ ਸਿੰਘ ਕਥੂਰੀਆ ਜੀ " ਵੱਲੋਂ ਵਿਸ਼ਵ ਪੰਜਾਬੀ ਭਵਨ ਵਿਖੇ 7 ਦਸੰਬਰ ਦਿਨ ਐਤਵਾਰ ਨੂੰ ਬਾਦ ਦੁਪਿਹਰ 2 ਤੋਂ 4 ਵਜੇ ਤੱਕ ਨਾਮਵਰ ਲੇਖਿਕਾ , ਕਹਾਣੀਕਾਰ ਤੇ ਨਾਵਲਕਾਰ ਸੁਰਿੰਦਰ ਨੀਰ ਦਾ ਰੂਬਰੂ , ਸਨਮਾਨ ਸਮਾਰੋਹ ਤੇ ਕਵੀ ਦਰਬਾਰ ਕਰਾਇਆ ਗਿਆ ਜੋ ਬਹੁਤ ਯਾਦਗਾਰੀ ਹੋ ਨਿਬੜਿਆ ।ਡਾ. ਕਥੂਰੀਆ ਜੀ ਨੇ ਜੰਮੂ ਤੋਂ ਆਏ ਸਾਡੇ ਮਹਿਮਾਨ ਸੁਰਿੰਦਰ ਨੀਰ ਜੀ ਅਤੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਬਿਰਾਜਮਾਨ ਸੱਭ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ ।ਕਥੂਰੀਆ ਜੀ ਨੇ ਕਿਹਾ ਕਿ ਕੋਈ ਵੀ ਸਾਹਿਤਕਾਰ ਜੱਦ ਕੈਨੇਡਾ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਆਉਂਦੇ ਹਨ ਤੇ ਸਾਨੂੰ ਬਹੁਤ ਖ਼ੁਸ਼ੀ ਹੁੰਦੀ ਹੈ । ਸਾਡੇ ਧੰਨਭਾਗ ਸੁਰਿੰਦਰ ਨੀਰ ਜੀ ਸਾਡੇ ਇਸ ਭਵਨ ਵਿੱਚ ਬਿਰਾਜੇ ਹਨ ।

ਇਸ ਸਾਰੇ ਪ੍ਰੋਗਰਾਮ ਨੂੰ ਪ੍ਰੋ. ਦਰਸ਼ਨ ਦੀਪ ਜੀ ਨੇ ਹੋਸਟ ਕੀਤਾ ।ਪ੍ਰੋ. ਦਰਸ਼ਨ ਦੀਪ ਜੀ ਨਾਮਵਰ ਸ਼ਾਇਰ ਅਤੇ ਮੰਝੇ ਹੋਏ ਬੁਲਾਰੇ ਹਨ ਤੇ ਬਾਕਮਾਲ ਹੋਸਟਿੰਗ ਕਰਦੇ ਹਨ । ਪ੍ਰੋ . ਦਰਸ਼ਨ ਦੀਪ ਜੀ ਨੇ ਸੁਰਿੰਦਰ ਨੀਰ ਜੀ ਦੇ ਸਾਹਿਤਕ ਸਫ਼ਰ ਤੇ ਉਹਨਾਂ ਦੇ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਇਹ ਵੀ ਦੱਸਿਆ ਕਿ ਪਿੱਛਲੇ ਸਾਲ ਸੁਰਿੰਦਰ ਨੀਰ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ ( ਟੈਬੂ ) ਨੂੰ ਢਾਹਾਂ ਅਵਾਰਡ ਮਿਲ ਚੁੱਕਿਆ ਹੈ ।ਉਹਨਾਂ ਨੇ ਸੁਰਿੰਦਰ ਨੀਰ ਅਤੇ ਸਰਪ੍ਰਸਤ ਇੰਦਰਜੀਤ ਸਿੰਘ ਬੱਲ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ ਤੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਕਿਹਾ । ਉਹਨਾਂ ਨੇ ਸੁਰਿੰਦਰ ਨੀਰ ਨੂੰ ਕਿਹਾ ਕਿ ਉਹ ਆਪ ਆਪਣੇ ਬਾਰੇ ਵਿਚਾਰਾਂ ਦੀ ਸਾਂਝ ਪਾਉਣ । ਆਪਣੇ ਜੀਵਨ ਅਤੇ ਸਿਰਜਣ ਪ੍ਰਕਿਰਿਆ ਬਾਰੇ ਆਪ ਦੱਸਣ ।ਸੁਰਿੰਦਰ ਨੀਰ ਜੀ ਨੇ ਆਪਣੇ ਬਾਰੇ ਬਹੁਤ ਖੁੱਲ ਕੇ ਗੱਲਾਂ ਕੀਤੀਆਂ ਜੋ ਬਹੁਤ ਦਿਲਚਸਪ ਵੀ ਸਨ , ਅਤੇ ਉਹਨਾਂ ਆਪਣੇ ਸਾਹਿਤਕ ਸਫ਼ਰ , ਨਾਵਲਾਂ ਅਤੇ ਕਹਾਣੀਆਂ ਬਾਰੇ ਵੀ ਡੀਟੇਲ ਵਿਚ ਦੱਸਿਆ ।ਕੁਝ ਸ਼ੇਅਰ ਵੀ ਸੁਣਾਏ ।ਉਹਨਾਂ ਦੇ ਰੂਬਰੂ ਤੇ ਜੋ ਵਿਚਾਰ ਉਹਨਾਂ ਸਾਂਝੇ ਕੀਤੇ ਉਹਨਾਂ ਨੂੰ ਦਰਸ਼ਕਾਂ ਨੇ ਖ਼ੂਬ ਸਲਾਹਿਆ । ਸੁਰਿੰਦਰ ਨੀਰ ਬਹੁਤ ਹੀ ਨਿਰਛੱਲ ਤੇ ਉੱਚੀ ਸੁੱਚੀ ਸੋਚ ਵਾਲੇ ਹਨ , ਉਹਨਾਂ ਦੀ ਕਹਿਣੀ ਕੱਥਨੀ ਇਕੋ ਜਿਹੀ ਹੈ । ਸੁਰਿੰਦਰ ਨੀਰ ਦੇ ਇਸ ਰੂਬਰੂ ਨੂੰ ਸ . ਇੰਦਰਜੀਤ ਸਿੰਘ ਬੱਲ ਜੀ ਨੇ ਬਹੁਤ ਖ਼ੂਬਸੂਰਤ ਸ਼ਬਦਾਂ ਵਿੱਚ ਸੱਮ – ਅੱਪ ਕੀਤਾ । ਉਹਨਾਂ ਨੇ ਉਹਨਾਂ ਦੀਆਂ ਲਿਖਤਾਂ ਦੀ ਭਰਪੂਰ ਸਰਾਹਨਾ ਕੀਤੀ ਤੇ ਕਿਹਾ ਕਿ ਉਹ ਇਕ ਬਹਾਦਰ ਇਨਸਾਨ ਵੀ ਹਨ । ਉਹਨਾਂ ਦੇ ਭਵਨ ਵਿਚ ਆਉਣ ਦਾ ਵੀ ਨਿੱਘਾ ਸਵਾਗਤ ਕੀਤਾ ।

ਡਾ . ਦਲਬੀਰ ਸਿੰਘ ਕਥੂਰੀਆ ਜੀ ਨੇ ਦੱਸਿਆ ਕਿ ਨਾਮਵਰ ਮੀਡੀਆ ਪਰਸਨ ਵਰਿੰਦਰ ਸਿੰਘ ਨੂੰ ਵਿਸ਼ਵ ਪੰਜਾਬੀ ਸਭਾ ਕੈਨੇਡਾ ਦਾ ਸੀ . ਮੀਤ ਪ੍ਰਧਾਨ ਬਣਾ ਦਿੱਤਾ ਗਿਆ ਹੈ । ਵਰਿੰਦਰ ਜੀ ਨੂੰ ਸੱਭ ਨੇ ਮੁਬਾਰਕਾਂ ਵੀ ਦਿੱਤੀਆਂ ਤੇ ਆਪਣੇ ਵਿਚਾਰ ਵੀ ਸਾਂਝੇ ਕੀਤੇ ।

ਇਸਤੋਂ ਬਾਦ ਦੂਸਰਾ ਸੈਸ਼ਨ ਕਵੀ ਦਰਬਾਰ ਦਾ ਸੀ ਜਿਸ ਵਿਚ ਮੀਤਾ ਖੰਨਾ , ਰਿੰਟੂ ਭਾਟੀਆ , ਸੁਰਿੰਦਰ ਸੂਰ , ਤਜਿੰਦਰ ਕਾਲੜਾ , ਭੁਪਿੰਦਰ ਰਤਨ , ਸਤਵੰਤ ਕੌਰ , ਮਕਸੂਦ ਚੌਧਰੀ , ਅਮਰਜੀਤ ਸਿੰਘ ਸਿੱਧੂ , ਕਰਤਾਰ ਸਿੰਘ ਔਲਖ , ਹਰਪਾਲ ਸਿੰਘ ਭਾਟੀਆ , ਬਲਜੀਤ ਕੌਰ , ਜਗੀਰ ਸਿੰਘ ਕਾਹਲੋਂ ਅਤੇ ਤੇ ਹਾਜ਼ਰੀਨ ਹੋਰ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਨੂੰ ਰੁਸ਼ਨਾ ਦਿੱਤਾ ।

ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਡਾ . ਕਥੂਰੀਆ ਜੀ ਦੇਸ਼ ਵਿਦੇਸ਼ ਵਿੱਚ ਮਾਂ ਬੋਲੀ ਪੰਜਾਬੀ , ਪੰਜਾਬੀਅਤ , ਕਲਾ , ਸਾਹਿਤ , ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਬਹੁਤ ਸ਼ਲਾਘਾਯੋਗ ਹਨ ।

ਚੇਅਰਮੈਨ ਡਾ . ਦਲਬੀਰ ਸਿੰਘ ਕਥੂਰੀਆ ਤੇ ਚੇਅਰਪਰਸਨ ਰਮਿੰਦਰ ਵਾਲੀਆ ਵੱਲੋਂ ਮਹਿਮਾਨ ਸੁਰਿੰਦਰ ਨੀਰ ਨੂੰ ਫੁਲਕਾਰੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ । ਚਾਹ ਪਾਣੀ ਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਸੀ , ਸੱਭਨੇ ਮਿਲਕੇ ਉਸਦਾ ਅਨੰਦ ਲਿਆ ਤੇ ਮੁੜ ਮਿਲਣ ਦਾ ਵਾਦਾ ਕਰ ਸੱਭਨੇ ਵਿਦਾ ਲਈ । ਸੁਰਿੰਦਰ ਨੀਰ ਜੀ ਦਾ ਰੂਬਰੂ , ਸਨਮਾਨ ਸਮਾਰੋਹ ਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ । ਧੰਨਵਾਦ ਸਹਿਤ।

## ਪ੍ਰਵਾਸੀ ਲੇਖਕ ਸੁਲੱਖਣ ਸਿੰਘ ਮੈਹਮੀ ਦਾ ਸੁਲਘਦੇ ਅਹਿਸਾਸ (ਗ਼ਜ਼ਲ ਸੰਗ੍ਰਹਿ) ਪੁਸਤਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 11 ਦਸੰਬਰ : ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਵਿਖੇ ਪੰਜਾਬੀ ਲੇਖਕ ਮੰਚ ਫ਼ਰੀਦਕੋਟ ਵੱਲੋਂ ਸਲਾਨਾ ਬਿਸਮਿਲ ਸਾਹਿਤਕ ਸਮਾਗਮ ਪ੍ਰਧਾਨ ਮਨਜਿੰਦਰ ਸਿੰਘ ਅਤੇ ਡਾ.ਧਰਮ ਪ੍ਰਵਾਨਾ ਜਰਨਲ ਸਕੱਤਰ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਕੁਲਇੰਦਰ ਸਿੰਘ ਸੇਖੋਂ ਐਡਵੋਕੇਟ ਤੇ ਸਾਬਕਾ ਪ੍ਰਧਾਨ ਜ਼ਿਲਾ ਬਾਰ ਐਸੋਸੀਏਸ਼ਨ ਫਰੀਦਕੋਟ, ਸੀਨੀਅਰ ਵਾਈਸ ਪ੍ਰਧਾਨ ਟਿੱਲਾ ਬਾਬਾ ਫਰੀਦ ਰਲੀਜਿਅਸ ਐਂਡ ਚੈਰੀਟੇਬਲ ਸੋਸਾਇਟੀ ਫਰੀਦਕੋਟ ਸਨ ਤੇ ਸਮਾਰੋਹ ਦੀ ਪ੍ਰਧਾਨਗੀ ਵਿਜੇ ਵਿਵੇਕ ਪ੍ਰਸਿੱਧ ਗਜ਼ਲਗੋ ਨੇ ਕੀਤਾ। ਪ੍ਰਧਾਨਗੀ ਮੰਡਲ ਵਿੱਚ ਡਾਕਟਰ ਗੁਰਚਰਨ ਕੌਰ ਕੋਚਰ, ਦੀਪ ਲੁਧਿਆਣਵੀ, ਸੁਰਿੰਦਰਪ੍ਰੀਤ ਘਣੀਆਂ, ਹਾਜ਼ਰ ਸਨ, ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਚ ਡਾਕਟਰ ਪ੍ਰਵੀਨ ਕੁਮਾਰ ਗੁਪਤਾ, ਐਮ.ਡੀ. ਡਾ ਸਿਰੀ ਰਾਮ ਹਸਪਤਾਲ ਫਰੀਦਕੋਟ, ਐਡਵੋਕੇਟ ਰਣਧੀਰ ਧੀਰ ਸੂਰੇਵਾਲੀਆ, ਸਰਬਜੀਤ ਸਿੰਘ ਬਰਾੜ ਰਿਟਾ ਬੀਡੀਪੀਓ, ਪਵਨ ਕੁਮਾਰ ਸ਼ਰਮਾ ਹਰੀਨੌ, ਹਰਦੀਪ ਸਿੰਘ ਫਿੱਡੂ ਅੰਤਰਰਾਸ਼ਟਰੀ ਕੁਸ਼ਤੀ ਕੋਚ



ਸਨ। ਇਸ ਤੋਂ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ, ਪ੍ਰਿੰਸੀਪਲ ਕੁਲਦੀਪ ਕੌਰ, ਵਿਸ਼ੇਸ਼ ਤੌਰ 'ਤੇ ਪੁੱਜੇ। ਮੰਚ ਸੰਚਾਲਨ ਕਰ ਰਹੇ ਪਵਨ ਸ਼ਰਮਾ ਨੇ ਸਮਾਗਮ ਦੀ ਸ਼ੁਰੂਆਤ ਬੂਟਾ ਸਿੰਘ ਅਰਾਈਆਂਵਾਲਾ ਵਾਲਾ ਦੇ ਧਾਰਮਿਕ ਗੀਤ ਨਾਲ ਕਰਵਾਈ। ਇਸ ਤੋਂ ਬਾਅਦ ਵਤਨਵੀਰ ਜ਼ਖ਼ਮੀ, ਜੀਤ ਕੰਮੇਆਣਾ, ਸਕੰਦਰ ਚੰਦਭਾਨ, ਊਸ਼ਾ ਤਨੇਜਾ, ਪ੍ਰਸਿੱਧ ਗਾਇਕ ਸੰਧੂ ਸੁਰਜੀਤ, ਪਾਲ ਰਸੀਲਾ, ਜਰਨੈਲ ਬਾਘਾ, ਜੇ.ਪੀ. ਸਿੰਘ ਨੇ ਵੀ ਆਪਣੇ ਗੀਤਾਂ ਨਾਲ ਹਾਜ਼ਰੀ ਲਵਾਈ। ਇਸ ਤੋਂ ਬਾਅਦ ਮੰਚ ਸੰਚਾਲਨ ਡਾ. ਧਰਮ ਪ੍ਰਵਾਨਾ ਨੇ ਕਰਦਿਆਂ ਕਵੀ ਦਰਬਾਰ ਸ਼ੁਰੂ ਕਰਵਾਇਆ, ਜਿਸ ਵਿੱਚ ਪੰਜਾਬ ਦੇ ਪ੍ਰਸਿਧ ਨਾਮਵਰ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਆਤਮਾ ਰਾਮ ਰੰਜਨ, ਮੀਤ ਬਠਿੰਡਾ, ਹਰਮੰਦਰ ਕੋਹਾਰਵਾਲਾ, ਹਰਦੀਪ ਮੁਰਾਦ ਵਾਲਾ, ਬਲਜਿੰਦਰ ਭਾਰਤੀ, ਡਾ. ਗੁਰਚਰਨ ਕੌਰ ਕੋਚਰ, ਦੀਪ ਲੁਧਿਆਣਵੀ, ਵਿਜੇ ਵਿਵੇਕ ਨੇ ਆਪਣੀਆਂ ਚੋਣਵੀਆ ਗ਼ਜ਼ਲਾਂ ਦੇ ਸ਼ੇਅਰ ਸੁਣਾ ਕੇ ਪ੍ਰੋਗਰਾਮ ਨੂੰ ਪੂਰੇ ਸਿਖਰ 'ਤੇ ਪਹੁੰਚਾਇਆ। ਇਸੇ ਸਮਾਰੋਹ ਦੇ ਦੌਰਾਨ ਪ੍ਰਵਾਸੀ ਲੇਖਕ ਸੁਲੱਖਣ ਸਿੰਘ ਮੈਹਮੀ ਦਾ ਸੁਲਘਦੇ ਅਹਿਸਾਸ (ਗ਼ਜ਼ਲ ਸੰਗ੍ਰਹਿ) ਪੁਸਤਕ ਵੀ ਲੋਕ ਅਰਪਣ ਕੀਤੀ ਗਈ। ਇਸ ਤੋਂ ਬਾਅਦ ਬਿਸਮਿਲ ਫਰੀਦਕੋਟੀ ਐਵਾਰਡ 2025 ਪ੍ਰਸਿੱਧ ਗਜ਼ਲਗੋ ਉਸਤਾਦ ਸ਼ਾਇਰ ਸੁਲੱਖਣ ਸਰਹੱਦੀ ਨੂੰ ਜਿਸ ਵਿੱਚ ਨਕਦ ਰਾਸ਼ੀ, ਮੋਮੈਂਟੋ, ਲੋਈ, ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਜੀਤ ਕੰਮੇਆਣਾ, ਕਸ਼ਮੀਰ ਸਿੰਘ ਲੱਕੀ ਕੰਮੇਆਣਾ, ਸਵਰਨ ਸਿੰਘ, ਬਲਵਿੰਦਰ ਸਿੰਘ ਬਜਾਜ ਨੇ ਵੀ ਸਾਥ ਦਿੱਤਾ। ਇਸ ਸਮੇਂ ਮੁੱਖ ਮਹਿਮਾਨ ਕੁਲਇੰਦਰ ਸਿੰਘ ਸੇਖੋਂ, ਡਾ. ਪ੍ਰਵੀਨ ਕੁਮਾਰ ਗੁਪਤਾ, ਸੁਲੱਖਣ ਸਰਹੱਦੀ, ਗੁਰਿੰਦਰ ਸਿੰਘ ਮਹਿੰਦੀਰੱਤਾ ਜ਼ਿਲਾ ਇੰਚਾਰਜ ਰੋਜ਼ਾਨਾ ਸਪੋਕਸਮੈਨ ਨੇ ਵੀ ਆਪੋ ਆਪਣੇ ਖੂਬਸੂਰਤ ਵਿਚਾਰ ਰੱਖੇ। ਇਸ ਸਮਾਰੋਹ ਵਿੱਚ, ਪੱਪੂ ਸਿਮਰੇ ਵਾਲਾ ਸੀਨੀਅਰ ਕਾਂਗਰਸ ਆਗੂ, ਬਲਬੀਰ ਸਿੰਘ ਧੀਰ, ਰਮੇਸ਼ ਕੌਂਸਲ, ਗੁਰਤੇਜ ਪੱਖੀ, ਸਾਹਿਬ ਕੰਮੇਆਣਾ, ਸੰਤੋਖ ਸਿੰਘ ਭਾਣਾ, ਪ੍ਰੋ ਮੁਕੇਸ਼ ਭੰਡਾਰੀ, ਸੀ ਪੀ ਆਈ ਫ਼ਰੀਦਕੋਟ ਦੇ ਪ੍ਰਧਾਨ ਅਸ਼ੋਕ ਕੌਸ਼ਲ, ਪ੍ਰੋ ਗੁਪਤਾ, ਬਲਵਿੰਦਰ ਔਲਖ, ਪ੍ਰੋਫੈਸਰ ਬੀਰਇੰਦਰ ਸਿੰਘ ਸਰਾਂ, ਹਰਸੰਗੀਤ ਸਿੰਘ ਗਿੱਲ, ਭੋਲਾ ਪਿੱਪਲੀ ਵਾਲਾ, ਪਰਮ ਪੰਜਾਬੀ, ਕੇ.ਪੀ. ਸਿੰਘ ਸਰਾਂ, ਨੀਲਮ ਰਾਣੀ, ਗਗਨਦੀਪ ਕੌਰ ਨੇ ਸ਼ਿਰਕਤ ਤੇ ਸਮਾਰੋਹ ਆਨੰਦ ਮਾਣਿਆ। ਅੰਤ ਵਿੱਚ ਸਾਰੇ ਆਏ ਹੋਏ ਲੇਖਕਾਂ ਤੇ ਕਵੀਆਂ ਨੂੰ ਮੰਚ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੰਚ ਦੇ ਪ੍ਰਧਾਨ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਕਵੀ ਦਰਬਾਰ ਵਿੱਚ ਆਉਣ ਤੇ ਧੰਨਵਾਦ ਕੀਤਾ।